# ਸਕੂਲ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ ਤੁਹਾਨੂੰ ਕੀ ਜਾਣਨ ਦੀ ਲੋੜ ਹੈ

## ਮਾਤਾ-ਪਿਤਾ, ਸਰਪ੍ਰਸਤਾਂ, ਅਤੇ ਦੇਖਭਾਲਕਰਤਾਵਾਂ ਲਈ ਇੱਕ ਗਾਈਡ



ਜੇ ਤੁਹਾਡਾ ਪਰਿਵਾਰ, ਘਰ ਦੀ ਹਾਨੀ ਕਾਰਨ ਅਸਥਾਈ ਜਾਂ ਨਾਕਾਫੀ ਨਿਵਾਸ ਦੀ ਸਥਿਤੀ ਵਿੱਚ ਹੈ, ਤਾਂ ਤੁਹਾਡਾ ਬੱਚਾ ਕੁਝ ਵਿੱਦਿਅਕ ਅਧਿਕਾਰਾਂ ਅਤੇ ਸੇਵਾਵਾਂ ਦੇ ਯੋਗ ਹੋ ਸਕਦਾ ਹੈ।

# ਮੈਕਿਨੇ-ਵੈਂਟੋ ਸੇਵਾਵਾਂ ਲਈ ਯੋਗਤਾ

ਜੇ ਤੁਹਾਡਾ ਪਰਿਵਾਰ ਰਹਿੰਦਾ ਹੈ:

- ਸ਼ਰਨ ਸਥਾਨ 'ਤੇ;
- ਇੱਕ ਉਚਿਤ ਵਿਕਲਪਿਕ ਰਿਹਾਇਸ਼ ਦੀ ਕਮੀ ਕਾਰਨ ਇੱਕ ਮੋਟਲ ਵਿੱਚ ਜਾਂ ਸ਼ਿਵਿਰ-ਸਥਾਨ 'ਤੇ;
- ਇੱਕ ਕਾਰ, ਪਾਰਕ, ਛੱਡੀ ਹੋਈ ਇਮਾਰਤ, ਜਾਂ ਬੱਸ ਵਿੱਚ ਜਾਂ ਟ੍ਰੇਨ ਸਟੇਸ਼ਨ 'ਤੇ
- ਰਿਹਾਇਸ਼ ਦੀ ਹਾਨੀ ਜਾਂ ਆਰਥਿਕ ਤੰਗੀ ਨਾਲ ਜੂਝ ਰਹੇ ਦੂਜੇ ਲੋਕਾਂ ਨਾਲ ਦੁਗਣੇ ਭਰੇ ਸਥਾਨ 'ਤੇ;

ਤੁਹਾਡਾ ਬੱਚਾ ਮੈਕਿਨੇ-ਵੈਂਟੋ ਐਕਟ ਨਾਮਕ ਫੈਡਰਲ ਕਾਨੂੰਨ ਜ਼ਰੀਏ ਮਦਦ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ।

# ਮੈਕਿਨੇ-ਵੈਂਟੋ ਅਧਿਕਾਰ ਅਤੇ ਮਦਦਾਂ



ਤੁਹਾਡੇ ਮੈਕਿਨੇ-ਵੈਂਟੋ ਦੇ ਯੋਗ ਬੱਚਿਆਂ ਕੋਲ ਅਧਿਕਾਰ ਹੈ

- ਮੁਫ਼ਤ, ਉਚਿਤ ਜਨਤਕ ਸਿੱਖਿਆ ਪ੍ਰਾਪਤ ਕਰਨ ਦਾ ।
- ਤੁਰੰਤ ਸਕੂਲ ਵਿੱਚ ਦਾਖਲ ਪਾਉਣ ਦਾ, ਭਾਵੇਂ ਦਾਖਲੇ ਲਈ ਆਮ ਤੌਰ 'ਤੇ ਲੋੜੀਂਦੇ ਦਸਤਾਵੇਜ਼ਾਂ ਦੀ ਘਾਟ ਹੋਵੇ।
- ਸਕੂਲ ਦੁਆਰਾ ਜ਼ਰੂਰੀ ਦਸਤਾਵੇਜ਼ ਇਕੱਠੇ ਕਰਨ ਦੌਰਾਨ ਸਕੂਲ ਵਿੱਚ ਦਾਖਲਾ ਪਾਉਣ ਦਾ ਅਤੇ ਕਲਾਸਾਂ ਵਿੱਚ ਸ਼ਾਮਿਲ ਹੋਣ ਦਾ।
- ਸਥਾਨਕ ਸਕੂਲ ਵਿੱਚ ਦਾਖਲਾ ਲੈਣ ਦਾ; ਜਾਂ ਮੂਲ ਸਥਾਨ ਦੇ ਸਕੂਲ (ਉਸ ਸਕੂਲ ਵਿੱਚ ਜਾਣ ਦਾ ਜਿੱਥੇ ਉਹ ਪੱਕੇ ਤੌਰ 'ਤੇ ਰਹਿੰਦੇ ਸਨ ਜਾਂ ਉਹ ਸਕੂਲ ਜਿਸ ਵਿੱਚ ਉਹ ਪਿਛਲੀ ਵਾਰ ਦਾਖਲ ਹੋਏ ਸਨ) ਵਿੱਚ ਜਾਣਾ ਜਾਰੀ ਰੱਖਣ ਦਾ, ਜੇਕਰ ਇਹ ਤੁਹਾਡੀ ਤਰਜੀਹ ਹੈ।

  **ਜੇ ਸਕੂਲ ਡਿਸਟ੍ਰਿਕਟ ਨੂੰ ਲੱਗਦਾ ਹੈ ਕਿ ਜਿਹੜਾ ਸਕੂਲ ਤੁਸੀਂ ਚੁਣਦੇ ਹੋ ਉਹ ਤੁਹਾਡੇ ਬੱਚਿਆਂ ਦੇ ਹਿੱਤਾਂ ਵਿੱਚ ਬਿਹਤਰੀਨ ਨਹੀਂ ਹੈ, ਤਾਂ ਡਿਸਟ੍ਰਿਕਟ ਲਈ ਆਪਣੀ ਸਥਿਤੀ ਦਾ ਲਿਖਤੀ ਵਰਣਨ ਦੇਣਾ ਅਤੇ ਤੁਹਾਡੇ ਇਸ ਨਿਰਣੇ 'ਤੇ ਅਪੀਲ ਕਰਨ ਲਈ ਤੁਹਾਡੇ ਅਧਿਕਾਰ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ।*

- ਮੂਲ ਸਥਾਨ ਦੇ ਸਕੂਲ ਵਿੱਚ ਆਉਣ ਅਤੇ ਜਾਣ ਲਈ ਯਾਤਾਯਾਤ ਪ੍ਰਾਪਤ ਕਰਨ ਦਾ, ਜੇ ਤੁਸੀਂ ਇਸ ਲਈ ਬੇਨਤੀ ਕਰਦੇ ਹੋ।
- ਤੁਹਾਡੇ ਬੱਚਿਆਂ ਦੀਆਂ ਲੋੜਾਂ ਦੇ ਅਨੁਸਾਰ, ਦੂਜੇ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਗਈਆਂ ਵਿੱਦਿਅਕ ਸੇਵਾਵਾਂ ਦੀ ਤੁਲਨਾ ਵਿੱਚ ਵਿਦਿਅਕ ਸੇਵਾਵਾਂ ਪ੍ਰਾਪਤ ਕਰਨ ਦਾ।

# ਆਮ ਤੌਰ ’ਤੇ ਪੁੱਛੇ ਜਾਣ ਵਾਲੇ ਪ੍ਰਸ਼ਨ

## ਜਦੋਂ ਮੈਂ ਸਥਾਨ ਬਦਲਦਾ ਹਾਂ, ਕੀ ਮੈਨੂੰ ਆਪਣੇ ਬੱਚੇ ਨੂੰ ਉਸੇ ਸਕੂਲ ਵਿੱਚ ਰੱਖਣਾ ਚਾਹੀਦਾ ਹੈ ਜਾਂ ਆਪਣੇ ਬੱਚੇ ਨੂੰ ਲੋਕਲ ਸਕੂਲ ਵਿੱਚ ਟ੍ਰਾਂਸਫ਼ਰ ਕਰਵਾਉਣਾ ਚਾਹੀਦਾ ਹੈ?

ਇੱਕ ਸਕੂਲ ਤੋਂ ਦੂਜੇ ਸਕੂਲ ਵਿੱਚ ਭੇਜਣਾ ਬੱਚਿਆਂ ਲਈ ਪਰੇਸ਼ਾਨੀਜਨਕ ਹੋ ਸਕਦਾ ਹੈ। ਉਹਨਾਂ ਨੂੰ ਦੋਸਤ ਅਤੇ ਅਧਿਆਪਕ ਛੱਡਣੇ ਪੈਣਗੇ ਜਿਹਨਾਂ ਨੂੰ ਉਹ ਜਾਣਦੇ ਹਨ, ਅਤੇ ਨਵੇਂ ਦੋਸਤਾਂ, ਅਧਿਆਪਕਾਂ ਅਤੇ ਜਮਾਤਾਂ ਦੀ ਆਦਤ ਪਾਉਣੀ ਪਵੇਗੀ। ਇਸ ਕਾਰਨ, ਤੁਹਾਡੇ ਬੱਚੇ ਲਈ ਆਪਣੇ ਉਸੇ ਸਕੂਲ (ਮੂਲ ਸਥਾਨ ਦੇ ਸਕੂਲ) ਵਿੱਚ ਬਣੇ ਰਹਿਣਾ ਆਮ ਤੌਰ ‘ਤੇ ਬਿਹਤਰੀਨ ਹੁੰਦਾ ਹੈ, ਚਾਹੇ ਤੁਸੀਂ ਕਿਸੇ ਹੋਰ ਖੇਤਰ ਵਿੱਚ ਚਲੇ ਜਾਂਦੇ ਹੋ।

ਇੱਥੇ ਇਹ ਨਿਰਣਾ ਲੈਣ ਸਮੇਂ ਸੋਚਣ ਬਾਰੇ ਕੁਝ ਸਵਾਲ ਹਨ ਕਿ ਤੁਹਾਡੇ ਬੱਚੇ ਨੂੰ ਉਸ ਸਕੂਲ ਵਿੱਚ ਰਹਿਣਾ ਚਾਹੀਦਾ ਹੈ ਜਾਂ ਨਵੇਂ ਸਕੂਲ ਵਿੱਚ ਜਾਣਾ ਚਾਹੀਦਾ ਹੈ ਜਿੱਥੇ ਤੁਸੀਂ ਰਹਿ ਰਹੇ ਹੋ:



- ਤੁਹਾਡੇ ਬੱਚੇ ਦੀ ਉਮਰ ਕਿੰਨੀ ਹੈ?
- ਤੁਹਾਡਾ ਮੌਜੂਦਾ ਰਿਹਾਇਸ਼ੀ ਪ੍ਰਬੰਧ ਕਿੰਨਾ ਸਥਾਈ ਹੈ? ਕੀ ਤੁਸੀਂ ਮੂਲ ਸਥਾਨ ਦੇ ਸਕੂਲ ਦੇ ਨੇੜੇ ਵਾਪਸ ਜਾਣ ਦੀ ਯੋਜਨਾ ਬਣਾਉਂਦੇ ਹੋ ਜਾਂ ਕੀ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੇ ਮੌਜੂਦਾ ਰਿਹਾਇਸ਼ ਪ੍ਰਬੰਧ ਦੇ ਨੇੜੇ ਰਹੋਗੇ?
- ਕੀ ਤੁਹਾਡਾ ਬੱਚਾ/ਬੱਚੀ ਮੂਲ ਸਥਾਨ ਦੇ ਆਪਣੇ ਸਕੂਲ ਵਿੱਚ ਜਾਂਦਾ/ਦੀ ਹੈ? ਇੱਕ ਵੱਡਾ ਬੱਚਾ ਜੋ ਆਪਣੇ ਮੂਲ ਸਥਾਨ ਦੇ ਸਕੂਲ ਨਾਲ ਬਹੁਤ ਜੁੜਿਆ ਹੋਇਆ ਮਹਿਸੂਸ ਕਰਦਾ ਹੈ ਅਤੇ/ਜਾਂ ਗ੍ਰੈਜੂਏਟ ਹੋਣ ਵਾਲਾ ਹੈ, ਉਸ ਲਈ ਸਕੂਲ ਬਦਲਣਾ ਔਖਾ ਹੋ ਸਕਦਾ ਹੈ।
- ਤੁਹਾਡਾ ਬੱਚਾ ਇਸ ਗੱਲ ਪ੍ਰਤੀ ਕਿੰਨਾ ਚਿੰਤਿਤ ਹੈ ਕਿ ਤੁਹਾਨੂੰ ਸਥਾਨ ਛੱਡਣਾ ਪਿਆ? ਕੀ ਸਕੂਲਾਂ ਬਦਲਣਾ ਭਾਰੀ ਪਵੇਗਾ?
- ਕੀ ਸਕੂਲ ਬਦਲਣ ਕਰਕੇ ਤੁਹਾਡਾ ਬੱਚਾ ਪਿੱਛੇ ਰਹਿ ਜਾਵੇਗਾ ਅਤੇ ਖ਼ਰਾਬ ਗ੍ਰੇਡ ਪ੍ਰਾਪਤ ਕਰੇਗਾ?
- ਕੀ ਤੁਹਾਡੇ ਬੱਚੇ ਲਈ ਸਕੂਲ ਬਦਲਣ ਲਈ ਇਹ ਸਾਲ ਦਾ ਚੰਗਾ ਸਮਾਂ ਹੈ, ਜਿਵੇਂ ਕਿ ਸਮੈਸਟਰ ਜਾਂ ਸਕੂਲੀ ਸਾਲ ਦੇ ਅੰਤ ਵਿੱਚ, ਟੈਸਟਿੰਗ ਤੋਂ ਬਾਅਦ, ਜਾਂ ਉਸ ਈਵੇਂਟ ਤੋਂ ਬਾਅਦ ਜੋ ਤੁਹਾਡੇ ਬੱਚੇ ਲਈ ਮਹੱਤਵਪੂਰਨ ਹੈ?
- ਤੁਹਾਡੇ ਬੱਚੇ ਦੇ ਮੂਲ ਸਥਾਨ ਦੇ ਸਕੂਲ ਵਿੱਚ ਆਉਣ-ਜਾਣ ਵਿੱਚ ਕਿੰਨਾ ਸਮਾਂ ਲੱਗੇਗਾ? ਇੱਕ ਲੰਬਾ ਸਫ਼ਰ ਤੁਹਾਡੇ ਬੱਚੇ ਦੇ ਸਕੂਲ ਦੇ ਕੰਮ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ।
- ਕੀ ਚੋਣ ਕਰਨ ਬਾਰੇ ਸੋਚਣਯੋਗ ਸੁਰੱਖਿਆ ਸਬੰਧੀ ਮੁੱਦੇ ਹਨ ਕਿ ਤੁਹਾਡੇ ਬੱਚੇ ਨੂੰ ਕਿਹੜੇ ਸਕੂਲ ਵਿੱਚ ਜਾਣਾ ਚਾਹੀਦਾ ਹੈ?

## ਕੀ ਹੋਵੇਗਾ ਜੇ ਸਕੂਲ ਅਤੇ ਮੈਂ ਇਸ ਬਾਰੇ ਅਸਹਿਮਤ ਹੁੰਦੇ ਹਾਂ ਕਿ ਮੇਰੇ ਬੱਚੇ ਨੂੰ ਕਿਹੜੇ ਸਕੂਲ ਵਿੱਚ ਜਾਣਾ ਚਾਹੀਦਾ ਹੈ?

ਜੇ ਤੁਸੀਂ ਅਤੇ ਤੁਹਾਡਾ ਸਕੂਲ ਅਸਹਿਮਤ ਹੋ, ਤਾਂ ਸਕੂਲ ਡਿਸਟ੍ਰਿਕਟ ਤੁਹਾਨੂੰ ਲਿਖਤ ਵਿੱਚ ਦੱਸੇਗਾ ਕਿ ਅਜਿਹਾ ਕਿਉਂ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਤੁਹਾਡੀ ਇੱਛਾ ਤੋਂ ਵੱਖਰੇ ਸਕੂਲ ਵਿੱਚ ਜਾਣਾ ਚਾਹੀਦਾ ਹੈ। ਡਿਸਟ੍ਰਿਕਟ ਤੁਹਾਨੂੰ ਲਿਖਤ ਵਿੱਚ ਇਹ ਵੀ ਦੱਸੇਗਾ ਕਿ ਤੁਸੀਂ ਇਸ ਨਿਰਣੇ ‘ਤੇ ਕਿਵੇਂ ਅਪੀਲ ਕਰ ਸਕਦੇ ਹੋ। ਅਸਹਿਮਤੀ ਦੇ ਨਿਪਟਾਰੇ ਤੱਕ ਤੁਹਾਡਾ ਬੱਚਾ/ਬੱਚੀ ਉਸ ਸਕੂਲ ਵਿੱਚ ਦਾਖਿਲਾ ਲੈ ਸਕਦਾ/ਦੀ ਹੈ, ਹਾਜ਼ਰ ਹੋ ਸਕਦਾ/ਦੀ ਹੈ ਅਤੇ ਸਕੂਲ ਵਿੱਚ ਪੂਰੀ ਤਰ੍ਹਾਂ ਭਾਗ ਲੈ ਸਕਦਾ/ਦੀ ਹੈ ਜੋ ਤੁਹਾਨੂੰ ਉਸ ਲਈ ਬਿਹਤਰੀਨ ਲੱਗਦਾ ਹੈ।

## ਆਪਣੇ ਬੱਚੇ ਦੀ ਸਿੱਖਿਆ ਵਿੱਚ ਮਦਦ ਕਰਨ ਲਈ ਮੈਂ ਕਿਸ ਨਾਲ ਸੰਪਰਕ ਕਰ ਸਕਦਾ ਹਾਂ?




- ਹਰ ਸਕੂਲ ਡਿਸਟ੍ਰਿਕਟ ਵਿੱਚ ਇੱਕ **ਸਥਾਨਕ ਬੇਘਰ ਸਿੱਖਿਆ ਸੰਪਰਕ** ਹੈ। ਇਹ ਵਿਅਕਤੀ ਤੁਹਾਡੀ ਇਹ ਨਿਰਧਾਰਿਤ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਤੁਹਾਡੇ ਬੱਚੇ ਲਈ ਕਿਹੜਾ ਸਕੂਲ ਬਿਹਤਰ ਹੋਵੇਗਾ ਅਤੇ ਉਹ ਸਕੂਲ ਨਾਲ ਗੱਲਬਾਤ ਕਰ ਸਕਦਾ ਹੈ। ਸਥਾਨਕ ਸੰਪਰਕ ਤੁਹਾਡੇ ਬੱਚੇ ਨੂੰ ਸਕੂਲੀ ਸਪਲਾਈ, ਪੂਰਕ ਸੇਵਾਵਾਂ, ਅਤੇ ਮੁਫ਼ਤ ਸਕੂਲੀ ਭੋਜਨ ਪ੍ਰਾਪਤ ਕਰਨ; ਮੂਲ ਸਥਾਨ ਦੇ ਸਕੂਲ ਆਉਣ-ਜਾਣ ਲਈ ਯਾਤਾਯਾਤ ਵਿਵਸਥਿਤ ਕਰਨ; ਅਤੇ ਭਾਈਚਾਰਕ ਸਹਾਇਤਾ ਲੱਭਣ ਵਿੱਚ ਵੀ ਤੁਹਾਡੀ ਮਦਦ ਕਰ ਸਕਦਾ ਹੈ
- ਜਦੋਂ ਤੁਸੀਂ ਆਪਣੇ ਬੱਚੇ ਨੂੰ ਇੱਕ ਨਵੇਂ ਸਕੂਲ ਵਿੱਚ ਦਾਖਲ ਕਰਦੇ ਹੋ, ਤਾਂ ਤੁਹਾਨੂੰ **ਉਸਦੇ ਅਧਿਆਪਕ(ਕਾਂ) ਨਾਲ ਮਿਲਣ ਲਈ ਕਹਿਣਾ ਚਾਹੀਦਾ ਹੈ**। ਤੁਹਾਨੂੰ ਆਪਣੇ ਬੱਚੇ/ਬੱਚੀ ਦੇ ਅਧਿਆਪਕ(ਕਾਂ) ਨਾਲ ਵੀ ਅਕਸਰ ਗੱਲ ਕਰਨੀ ਚਾਹੀਦੀ ਹੈ ਕਿ ਉਹ ਕਿਵੇਂ ਕਰ ਰਿਹਾ/ਹੀ ਹੈ। ਆਪਣੇ ਬੱਚੇ ਦੇ ਸਕੂਲ ਦੇ ਕੰਮ ਬਾਰੇ ਸਵਾਲ ਪੁੱਛਣ ਅਤੇ ਉਸਨੂੰ ਜਾਣਕਾਰੀ ਦੇਣ ਲਈ ਆਪਣੇ ਬੱਚੇ ਦੇ ਸਕੂਲ ਵਿੱਚ ਘੱਟੋ-ਘੱਟ ਇੱਕ ਅਧਿਆਪਕ ਨੂੰ ਚੰਗੀ ਤਰ੍ਹਾਂ ਜਾਣੋ ਜੋ ਤੁਹਾਡੇ ਬੱਚੇ ਦੀ ਸਿੱਖਣ ਵਿੱਚ ਮਦਦ ਕਰੇਗਾ।
- ਸਕੂਲ ਕਾਉਂਸਲਰ **ਤੁਹਾਡੇ ਬੱਚੇ ਦੀ ਬਦਲਾਵਾਂ** ਅਤੇ ਚੁਣੌਤੀਆਂ ਨਾਲ ਨਿਪਟਣ ਵਿੱਚ ਮਦਦ ਕਰ ਸਕਦਾ ਹੈ। ਇਸ ਵਿਅਕਤੀ ਨਾਲ ਇਸ ਬਾਰੇ ਕੋਈ ਵੀ ਜਾਣਕਾਰੀ ਸਾਂਝੀ ਕਰੋ ਕਿ ਤੁਹਾਡਾ ਬੱਚਾ/ਬੱਚੀ ਘਰ ਵਿੱਚ ਕਿਵੇਂ ਕੰਮ ਕਰ ਰਿਹਾ/ਹੀ ਹੈ, ਜਾਂ ਉਹ ਚੀਜ਼ਾਂ ਜਿਸ ਨਾਲ ਉਹ ਕਿਵੇਂ ਨਿਪਟ ਰਿਹਾ/ਹੀ ਹੈ ਉਹ ਸਕੂਲ ਦੇ ਕੰਮ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।
- ਦੂਜੇ ਚੰਗੇ ਲੋਕ ਜਿਹਨਾਂ ਬਾਰੇ ਜਾਣਨਾ ਚਾਹੀਦਾ ਹੈ ਉਹ **ਸਕੂਲ ਦਾ ਪ੍ਰਿੰਸੀਪਲ, ਹਾਜ਼ਰੀ ਅਫ਼ਸਰ, ਬੱਸ ਡਰਾਇਵਰ, ਸਕੂਲ ਸੋਸ਼ਲ ਵਰਕਰ,** ਅਤੇ **ਸਕੂਲ ਦੀਆਂ ਨਰਸਾਂ** ਹਨ।
- **ਸਾਰਾ ਸਕੂਲ ਅਤੇ ਸਕੂਲ ਡਿਸਟ੍ਰਿਕਟ ਸਟਾਫ਼** ਇਹ ਸੁਨਿਸ਼ਚਿਤ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਉਹ ਸਾਰੀਆਂ ਸੇਵਾਵਾਂ ਮਿਲਣ ਜੋ ਉਸਨੂੰ ਸਕੂਲ

ਵਿੱਚ ਚੰਗਾ ਪ੍ਰਦਰਸ਼ਨ ਕਰਨ ਲਈ ਲੋੜੀਂਦੀਆਂ ਹਨ। ਤੁਸੀਂ ਆਪਣੇ ਬੱਚੇ ਦੀ ਸਿੱਖਿਆ ਵਿੱਚ ਇੱਕ ਅਹਿਮ ਸਾਂਝੇਦਾਰ ਹੋ ਅਤੇ ਤੁਹਾਨੂੰ ਸਕੂਲ ਅਤੇ ਸਕੂਲ ਡਿਸਟ੍ਰਿਕਟ ਨਾਲ ਟੀਮ ਦੇ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ।

## ਮੈਨੂੰ ਮੈਕਿਨੇ-ਵੈਂਟੋ ਐਕਟ ਦੇ ਤਹਿਤ ਸੇਵਾਵਾਂ ਬਾਰੇ ਕੀ ਸਵਾਲ ਪੁੱਛਣੇ ਚਾਹੀਦੇ ਹਨ?

- ਸਥਾਨਕ ਬੇਘਰ ਸਿੱਖਿਆ ਸੰਪਰਕ ਕੀ ਹੈ? ਮੈਂ ਉਸ ਨਾਲ ਸੰਪਰਕ ਕਿਵੇਂ ਕਰ ਸਕਦਾ ਹਾਂ?
- ਉਸੇ ਸਕੂਲ (ਮੂਲ ਸਥਾਨ ਦੇ ਸਕੂਲ) ਵਿੱਚ ਰਹਿਣ ਲਈ ਮੇਰੇ ਬੱਚੇ ਲਈ ਕਿਹੜਾ ਯਾਤਾਯਾਤ ਉਪਲਬਧ ਹੈ?
- ਜੇ ਮੇਰਾ ਬੱਚਾ ਸਕੂਲ ਬਦਲਦਾ ਹੈ, ਤਾਂ ਨਵੇਂ ਸਕੂਲ ਵਿੱਚ ਤੇਜ਼ੀ ਨਾਲ ਰਿਕਾਰਡ ਟ੍ਰਾਂਸਫ਼ਰ ਕਰਨ ਲਈ ਕੌਣ ਮਦਦ ਕਰ ਸਕਦਾ ਹੈ?
- ਮੇਰੇ ਬੱਚੇ ਨੂੰ ਸਕੂਲ ਵਿੱਚ ਮੁਫ਼ਤ ਭੋਜਨ ਕਿਵੇਂ ਮਿਲ ਸਕਦਾ ਹੈ?
- ਮੇਰੇ ਬੱਚੇ ਨੂੰ ਸਕੂਲ ਵਿੱਚ ਮੁਫ਼ਤ ਸਕੂਲ ਪੂਰਤੀਆਂ ਕਿਵੇਂ ਮਿਲ ਸਕਦੀਆਂ ਹਨ, ਜੇ ਜ਼ਰੂਰੀ ਹਨ?
- ਕੌਣ ਮਦਦ ਕਰ ਸਕਦਾ ਹੈ ਜੇ ਮੇਰੇ ਬੱਚੇ ਨੂੰ ਖਾਸ ਵਿੱਦਿਅਕ ਸੇਵਾਵਾਂ ਦੀ ਲੋੜ ਪੈਂਦੀ ਹੈ? ਇਹਨਾਂ ਸੇਵਾਵਾਂ ਦੀ ਕਿੰਨੀ ਜਲਦੀ ਵਿਵਸਥਾ ਹੋ ਸਕਦੀ ਹੈ?
- ਮੇਰੇ ਬੱਚੇ ਲਈ ਕਿਹੜੀ ਵਿੱਦਿਅਕ ਮਦਦ ਉਪਲਬਧ ਹੈ, ਜਿਵੇਂ ਟਾਇਟਲ I ਪ੍ਰੋਗਰਾਮ ਜਾਂ ਸਕੂਲ ਟਿਊਟਰਿੰਗ ਤੋਂ ਬਾਅਦ?
- ਕਿਹੜੇ ਪ੍ਰੋਗਰਾਮ ਮੇਰੇ ਬੱਚੇ ਦੇ ਹੁਨਰ ਨੂੰ ਵਿਕਸਿਤ ਕਰਨ ਅਤੇ ਉਸ ਦੀਆਂ ਖਾਸ ਲੋੜਾਂ ਦੀ ਪੂਰਤੀ ਵਿੱਚ ਮਦਦ ਕਰ ਸਕਦੇ ਹਨ?





- ਕੀ ਮੇਰੇ ਬੱਚੇ ਲਈ ਖੇਡਾਂ, ਸੰਗੀਤ, ਜਾਂ ਹੋਰ ਗਤੀਵਿਧੀਆਂ ਹਨ?
- ਮੇਰਾ ਬੱਚਾ ਕਲਾਸ ਫੀਲਡ ਟ੍ਰਿਪ 'ਤੇ ਕਿਵੇਂ ਜਾ ਸਕਦਾ ਹੈ ਜਾਂ ਸਕੂਲ ਦੀਆਂ ਹੋਰ ਗਤੀਵਿਧੀਆਂ ਵਿੱਚ ਕਿਵੇਂ ਭਾਗ ਲੈ ਸਕਦਾ ਹੈ ਜੇ ਮੈਂ ਉਹਨਾਂ ਲਈ ਭੁਗਤਾਨ ਨਹੀਂ ਕਰ ਸਕਦਾ/ਦੀ?
- ਕੀ ਮੇਰੇ ਛੋਟੇ ਬੱਚਿਆਂ ਲਈ ਕੋਈ ਪ੍ਰੀਸਕੂਲ ਪ੍ਰੋਗਰਾਮ ਹੈ?

## ਸਕੂਲ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ ਮੈਂ ਕੀ ਕਰ ਸਕਦਾ/ਦੀ ਹਾਂ?



- ਇਹ ਸੁਨਿਸ਼ਚਿਤ ਕਰੋ ਕਿ ਤੁਹਾਡਾ ਬੱਚਾ ਰੋਜ਼ਾਨਾ ਸਕੂਲ ਜਾਂਦਾ ਹੈ ਅਤੇ ਆ ਕੇ ਆਰਾਮ ਕਰਦਾ ਅਤੇ ਭੋਜਨ ਖਾਂਦਾ ਹੈ।
- ਆਪਣੇ ਬੱਚੇ ਨੂੰ ਹੋਮਵਰਕ ਕਰਨ ਲਈ ਇੱਕ ਸ਼ਾਂਤ ਜਗ੍ਹਾ ਪ੍ਰਦਾਨ ਕਰੋ, ਅਤੇ ਹੋਮਵਰਕ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ ਹਰ ਰੋਜ਼ ਸਮਾਂ ਨਿਰਧਾਰਤ ਕਰੋ।
- ਆਪਣੇ ਬੱਚੇ ਦੀਆਂ ਸਿਹਤ ਸਬੰਧੀ ਲੋੜਾਂ ਵੱਲ ਧਿਆਨ ਦਿਓ ਅਤੇ ਕਿਸੇ ਵੀ ਸਮੱਸਿਆ ਵੱਲ ਜਲਦੀ ਧਿਆਨ ਦਿਓ।
- ਆਪਣੇ ਬੱਚੇ ਨੂੰ ਪੁੱਛੋ ਕਿ ਉਹ ਸਕੂਲ ਵਿੱਚ ਕੀ ਸਿੱਖ ਰਿਹਾ ਹੈ। ਉਸਨੂੰ ਇਸ ਬਾਰੇ ਦੱਸਣ ਦਿਓ। ਜੇ ਤੁਸੀਂ ਆਪਣੇ ਬੱਚੇ ਦੀ ਸਿੱਖਿਆ ਵਿੱਚ ਰੁਚੀ ਦਿਖਾਉਂਦੇ ਹੋ, ਤਾਂ ਉਹ ਜਾਣੇਗਾ ਕਿ ਇਹ ਮਹੱਤਵਪੂਰਨ ਹੈ।
- ਆਪਣੇ ਬੱਚੇ ਨੂੰ ਰੋਜ਼ਾਨਾ ਪੜ੍ਹਾਓ। ਵੱਡੇ ਬੱਚਿਆਂ ਲਈ, ਆਪਣੇ ਅਤੇ ਆਪਣੇ ਬੱਚਿਆਂ ਲਈ ਰੋਜ਼ਾਨਾ ਸ਼ਾਂਤੀ ਨਾਲ ਪੜ੍ਹਣ ਲਈ ਇੱਕ ਸਮਾਂ ਨਿਰਧਾਰਿਤ ਕਰੋ। ਉਸ ਬਾਰੇ ਗੱਲ ਕਰੋ ਜੋ ਤੁਸੀਂ ਪੜ੍ਹਦੇ ਹੋ।
- ਆਪਣੇ ਬੱਚੇ ਦੀ ਪ੍ਰਸ਼ੰਸਾ ਕਰੋ ਜੋ ਵੀ ਉਹ ਕਰਦਾ ਹੈ, ਜਿਵੇਂ ਕਿ ਚੰਗੇ ਗ੍ਰੇਡ ਪ੍ਰਾਪਤ ਕਰਨਾ ਜਾਂ ਸਕੂਲ ਦੀ ਸਪੋਰਟਸ ਟੀਮ ਵਿੱਚ ਖੇਡਣਾ।

## ਚੰਗੇ ਸਵਾਲ ਚੰਗੇ ਪਾਠਕ ਬਣਾਉਂਦੇ ਹਨ

ਆਪਣੇ ਬੱਚਿਆਂ ਨੂੰ ਉਸ ਬਾਰੇ ਦੱਸਣਾ ਜੋ ਉਹ ਪੜ੍ਹਦੇ ਹਨ ਉਹ ਉਹਨਾਂ ਦੀ ਚੰਗੇ ਵਿਚਾਰਕ ਬਣਨ ਵਿੱਚ ਮਦਦ ਕਰੇਗਾ

**ਕਹਾਣੀਆਂ ਲਈ (ਗਲਪ):**
- ਕੀ ਹੋਇਆ ਹੈ? ਤੁਹਾਨੂੰ ਕੀ ਲੱਗਾ ਹੈ ਕਿ ਅੱਗੇ ਕੀ ਹੋਵੇਗਾ? ਕਿਉਂ?
- ਮੁੱਖ ਪਾਤਰ ਕੌਣ ਹੈ? ਕੀ ਤੁਸੀਂ ਉਸਨੂੰ ਪਸੰਦ ਕਰਦੇ ਹੋ? ਕਿਉਂ? ਕੀ ਤੁਸੀਂ ਉਹ ਕੀਤਾ ਹੈ ਜੋ ਉਸਨੇ ਕੀਤਾ ਸੀ? ਜੇ ਨਹੀਂ, ਤਾਂ ਤੁਸੀਂ ਕੀ ਕੀਤਾ ਹੈ?
- ਇਸ ਕਹਾਣੀ ਨੇ ਤੁਹਾਨੂੰ ਕੀ ਮਹਿਸੂਸ ਕਰਵਾਇਆ?

**ਜਾਣਕਾਰੀ ਸਮੱਗਰੀ (ਗੈਰ-ਗਲਪ) ਲਈ:**
- ਲੇਖ ਜਾਂ ਪਾਠ ਕਿਸ ਬਾਰੇ ਸੀ? ਜਿੰਨਾ ਸੰਭਵ ਹੋ ਸਕੇ ਵੱਧ ਤੋਂ ਵੱਧ ਵੇਰਵਾ ਲਓ।
- ਤੁਹਾਨੂੰ ਲੇਖਕ ਦੀ ਅਹਿਮ ਗੱਲ ਕਿਹੜੀ ਲੱਗਦੀ ਹੈ?
- ਤੁਹਾਨੂੰ ਕਿਹੜਾ ਭਾਗ ਸਭ ਤੋਂ ਰੋਮਾਂਚਕ ਲੱਗਿਆ?
- ਤੁਹਾਨੂੰ ਇਹ ਜਾਣਕਾਰੀ ਮਹੱਤਵਪੂਰਨ ਕਿਉਂ ਲੱਗਦੀ ਹੈ?

- ਉਹ ਸੁਣੋ ਜੋ ਤੁਹਾਡਾ ਬੱਚਾ ਤੁਹਾਡੇ ਨਾਲ ਸਾਂਝਾ ਕਰਦਾ ਹੈ ਅਤੇ ਉਸਨੂੰ ਹੋਣ ਵਾਲੀ ਕਿਸੇ ਵੀ ਸਮੱਸਿਆ ਬਾਰੇ ਗੱਲ ਕਰਦਾ ਹੈ। ਤੁਸੀਂ ਇੱਕ ਅਧਿਆਪਕ ਜਾਂ ਸਕੂਲ ਕਾਉਂਸਲਰ ਨਾਲ ਇਹਨਾਂ ਸਮੱਸਿਆਵਾਂ ਬਾਰੇ ਵੀ ਗੱਲ ਕਰ ਸਕਦੇ ਹੋ।
- ਆਪਣੇ ਬੱਚੇ ਨੂੰ ਕੰਮਾਂ ਜਿਵੇਂ ਖੇਡਾਂ ਅਤੇ ਸੰਗੀਤ ਵਿੱਚ ਭਾਗ ਲੈਣ ਲਈ ਉਤਸਾਹਿਤ ਕਰੋ।

# NCHE ਦੇ ਸਰੋਤ

**ਟੋਲ-ਫ੍ਰੀ ਹੈਲਪਲਾਇਨ: 800-308-2145 ਜਾਂ homeless@serve.org**

National Center for Homeless Education (NCHE) ਤੁਹਾਡੇ ਬੱਚਿਆਂ ਦੇ ਸਕੂਲੀ ਅਧਿਕਾਰਾਂ ਦਾ ਵਰਣਨ ਕਰ ਸਕਦਾ ਹੈ ਅਤੇ ਤੁਹਾਨੂੰ ਦੱਸ ਸਕਦਾ ਹੈ ਕਿ ਤੁਸੀਂ ਆਪਣੇ ਸਕੂਲ ਡਿਸਟ੍ਰਿਕਟ ਵਿੱਚ ਸਥਾਨਕ ਸੰਪਰਕ ਨਾਲ ਕਿਵੇਂ ਸੰਪਰਕ ਕਰ ਸਕਦੇ ਹੋ। ਸਥਾਨਕ ਸੰਪਰਕ ਤੁਹਾਡੇ ਬੱਚੇ ਦੇ ਸਕੂਲ ਵਿੱਚ ਦਾਖਿਲੇ ਵਿੱਚ ਮਦਦ ਕਰ ਸਕਦਾ ਹੈ ਅਤੇ ਇਹ ਯਕੀਨੀ ਬਣਾ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਉਹ ਮਦਦ ਮਿਲੇ ਜਿਸਦੀ ਉਸਨੂੰ ਲੋੜ ਹੈ।

**ਵੈੱਬਸਾਈਟ: http://nche.ed.gov**

- NCHE ਵੈਬਸਾਈਟ ਵਿੱਚ ਬਹੁਤ ਸਾਰੀ ਚੰਗੀ ਜਾਣਕਾਰੀ ਹੈ, ਜਿਸ ਵਿੱਚ ਉਹਨਾਂ ਮਾਪਿਆਂ ਲਈ ਇੱਕ ਵੈਬਪੇਜ ਵੀ ਸ਼ਾਮਲ ਹੈ ਜੋ ਸਕੂਲ ਵਿੱਚ ਆਪਣੇ ਬੱਚੇ ਦੀ ਮਦਦ ਕਰਨਾ ਚਾਹੁੰਦੇ ਹਨ: https://nche.ed.gov/ibt/parent_res.php.

**ਪੇਰੇਂਟ ਪੈਕ ਪਾੱਕੇਟ ਫੋਲਡਰ**

- ਪੇਰੇਂਟ ਪੈਕ ਪਾੱਕੇਟ ਫੋਲਡਰ ਉਹ ਫੋਲਡਰ ਹੁੰਦੇ ਹਨ ਜਿਹਨਾਂ ਵਿੱਚ ਤੁਸੀਂ ਆਪਣੇ ਬੱਚੇ ਦੀ ਸਕੂਲਿੰਗ ਨਾਲ ਸਬੰਧਿਤ ਮਹੱਤਵਪੂਰਨ ਰਿਕਾਰਡ ਅਤੇ ਕਾਗਜ਼ਾਤ ਰੱਖ ਸਕਦੇ ਹੋ। ਇਹ ਫੋਲਡਰ ਬੇਘਰ ਹੋਣ ਦੀਆਂ ਸਥਿਤੀਆਂ ਵਿੱਚ ਬੱਚਿਆਂ ਦੇ ਵਿੱਦਿਅਕ ਅਧਿਕਾਰਾਂ ਬਾਰੇ ਵੀ ਵਰਣਨ ਕਰਦਾ ਹੈ।
- ਇਹਨਾਂ ਫੋਲਡਰਾਂ ਲਈ ਮੁਫ਼ਤ ਵਿੱਚ ਆਰਡਰ ਦੇਣ ਲਈ ਕਾੱਲ ਕਰੋ 800-308-2145 ਜਾਂ ਦੇਖੋ: https://nche.ed.gov/online_order.php

## ਸਥਾਨਕ ਸੰਪਰਕ

## ਬੇਘਰਿਆਂ ਦੀ ਸਿੱਖਿਆ ਲਈ ਰਾਜ ਕੋਆਰਡੀਨੇਟਰ (STATE COORDINATOR FOR HOMELESS EDUCATION)

ਇਹ ਦਸਤਾਵੇਜ਼ ਨੈਸ਼ਨਲ ਸੈਂਟਰ ਫਾਰ ਹੋਮਲੈਸ ਐਜੂਕੇਸ਼ਨ (National Center for Homeless Education) ਤੋਂ ਭਾਸ਼ਾ ਅਤੇ ਸਮੱਗਰੀ ਦੀ ਵਰਤੋਂ ਕਰਦੇ ਹੋਏ, ਆੱਫਿਸ ਆੱਫ਼ ਸੁਪਰਿਨਟੇਡੈਂਟ ਆੱਫ਼ ਪਬਲਿਕ ਇੰਸਟ੍ਰਕਸ਼ਨ(Office of Superintendent of Public Instruction) ਦੁਆਰਾ ਤਿਆਰ ਕੀਤਾ ਗਿਆ ਸੀ। ਇਹ ਦਸਤਾਵੇਜ਼ ਕ੍ਰਿਏਟਿਵ ਕੱਮਨਸ CC-BY ਦੇ ਤਹਿਤ ਸੁਰੱਖਿਅਤ ਹੈ। ਜ਼ਿਆਦਾ ਜਾਣਕਾਰੀ ਲਈ, k12.wa.us 'ਤੇ ਜਾਓ।

Washington Office of Superintendent of
PUBLIC INSTRUCTION

Punjabi